ਦਫਤਰ ਡਿਪਟੀ ਕਮਿਸ਼ਨਰ ਜਲੰਧਰ
Office of the Deputy Commissioner
Jalandhar (Punjab)

Ph : 0181-2224783 (O)
2459664 (R)
Fax : 2224727

No 523/LFA
Date 05/07/2019

To

The Chariman,
National Green Tribunal,
New Delhi.

**Subject : Report in the case of OA No. 339/2019 Om Dutt Sharma, President Surya Enclave Welfare Society Versus State of Punjab.**

In reference to your tribunal order dated 07 May 2019 on the subject cited above. A committee under the chairmanship of Chief Executive Officer, Smart City, Jalandhar was formed . The committee visited the spot and submitted a detailed report which is hereby sent with this letter in English and Punjabi version for your information and necessary action please.

Encl:As above.

Deputy Commissioner,
Jalandhar.

Scanned by CamScanner

# ਜਲੰਧਰ ਵਿਕਾਸ ਅਥਾਰਟੀ

ਐਸ.ਸੀ.ਓ. ਨੰ:41, ਪੁੱਡਾ ਕੰਪਲੈਕਸ, ਲਾਡੋਵਾਲੀ ਰੋਡ, ਜਲੰਧਰ

| O/o Deputy Commissioner Jalandhar | | |
|---|---|---|
| D.C. | | 4-7-19 |
| A.D.C | | |
| A.C (G) | A.C (GA) | |
| E.M. | DRO | ADC (G) |

ਸੇਵਾ ਵਿਖੇ

ਡਿਪਟੀ ਕਮਿਸ਼ਨਰ,
ਜਲੰਧਰ।

ਨੰ:ਸੀਏ-ਜੇਡੀਏ-2019/ 4611
ਮਿਤੀ: 28-6-2019

ਵਿਸ਼ਾ: ਸੂਰੀਆ ਇਨਕਲੇਵ ਵੈਲਫੇਅਰ ਸੋਸਾਇਟੀ (ਰਜਿ.) ਜਲੰਧਰ ਵਲੋਂ ਨੈਸ਼ਨਲ ਗਰੀਨ ਟ੍ਰਿਬਿਊਨਲ ਨਵੀਂ ਦਿੱਲੀ ਵਿਖੇ ਸੂਰੀਆ ਇਨਕਲੇਵ ਵਿੱਚ ਜੀ.ਟੀ. ਰੋਡ ਤੇ ਪੈਂਦੀ ਜਗ੍ਹਾ ਸਬੰਧੀ ਦਾਇਰ ਕੀਤੇ ਕੇਸ ਬਾਰੇ ਰਿਪੋਰਟ। 19

ਉਪਰੋਕਤ ਵਿਸ਼ੇ ਸਬੰਧੀ ਆਪਜੀ ਦੇ ਹੁਕਮ ਮਿਤੀ 24.5.2019, ਜੋ ਪਿਠ ਅੰਕਣ ਨੰ:429-433/ ਐਲ.ਐਫ.ਏ., ਮਿਤੀ 29.5.2019 ਰਾਹੀਂ ਜਾਰੀ ਹੋਏ ਹਨ, ਦੇ ਹਵਾਲੇ ਵਿੱਚ।

ਮਾਨਯੋਗ ਚੇਅਰਮੈਨ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵਿਖੇ ਸੂਰੀਆ ਇੰਨਕਲੇਵ ਵੈਲਫੇਅਰ ਸੁਸਾਇਟੀ (ਰਜਿ:) ਜਲੰਧਰ ਵਲੋਂ ਪੇਸ਼ ਕੀਤੀ ਗਈ ਦਰਖਾਸਤ ਸਬੰਧੀ ਮਸਲੇ ਦਾ ਹੱਲ ਕਰਨ ਸਬੰਧੀ 5-ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਗਠਿਤ ਕਮੇਟੀ ਦੀ ਮਿਤੀ 24.6.2019 ਨੂੰ ਮੀਟਿੰਗ ਕੀਤੀ ਗਈ ਅਤੇ ਮੀਟਿੰਗ ਉਪਰੰਤ ਸਾਈਟ ਵਿਜਿਟ ਕੀਤੀ ਗਈ। ਵਿਸ਼ੇ ਅਧੀਨ ਮਾਮਲੇ ਸਬੰਧੀ ਪੈਰਾਵਾਈਜ਼ ਰਿਪੋਰਟ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ: ਉਪਰੋਕਤ ਅਨੁਸਾਰ।

ਮੁੱਖ ਪ੍ਰਸ਼ਾਸਕ, ਜੇਡੀਏ-ਕਮ-
ਮੁੱਖ ਕਾਰਜਕਾਰੀ ਅਫ਼ਸਰ
ਸਮਾਰਟ ਸਿਟੀ ਜਲੰਧਰ।

Scanned by CamScanner

ਵਿਸ਼ਾ:- ਸੂਰੀਆ ਇਨਕਲੇਵ ਵੈਲਫੇਅਰ ਸੋਸਾਇਟੀ (ਰਜਿ.) ਜਲੰਧਰ ਵੱ[illegible]ੀਨ ਟ੍ਰਿਬਿਊਨਲ ਨਵੀਂ ਦਿਲੀ ਵਿੱਖੇ ਸੂਰੀਆ ਇਨਕਲੇਵ ਵਿੱਚ ਜੀ.ਟੀ. ਰੋਡ ਤੇ ਪੈਂਦੀ ਜਗ੍ਹਾਂ ਸਬੰਧੀ ਦਾਇਰ ਕੀਤੇ ਕੇਸ ਬਾਰੇ।

ਨਗਰ ਸੁਧਾਰ ਟਰੱਸਟ ਜਲੰਧਰ ਵੱਲੋਂ ਵਿਕਾਸ ਸਕੀਮ 170 ਏਕੜ ਵਿਖੇ ਜੀ ਟੀ ਰੋਡ ਤੇ 100 ਮੀਟਰ ਨਾ ਉਸਾਰੀ ਜੋਨ ਵਿੱਚ ਪੈਂਦੀ ਜਗ੍ਹਾਂ ਸਬੰਧੀ ਸੂਰੀਆ ਇਨਕਲੇਵ ਵੈਲਫੇਅਰ ਸੋਸਾਇਟੀ (ਰਜਿ.) ਜਲੰਧਰ ਵੱਲੋਂ ਨੈਸ਼ਨਲ ਗਰੀਨ ਟ੍ਰਿਬਿਊਨਲ ਨਵੀਂ ਦਿੱਲੀ ਵਿਖੇ ਪੇਸ਼ ਕੀਤੀ ਦਰਖਾਸਤ ਸਬੰਧੀ ਜਾਰੀ ਕੀਤੇ ਗਏ ਹੁਕਮ ਮਿਤੀ 07-05-2019 ਦੇ ਸਨਮੁੱਖ ਮਾਨਯੋਗ ਡਿਪਟੀ ਕਮਿਸ਼ਨਰ ਜਲੰਧਰ ਜੀ ਵੱਲੋਂ ਬਣਾਈ ਗਈ ਸਬ-ਕਮੇਟੀ ਦੀ ਮੀਟਿੰਗ ਮਿਤੀ 24-06-2019 ਨੂੰ ਬੁਲਾਈ ਗਈ ਸੀ। ਸਬ-ਕਮੇਟੀ ਵੱਲੋਂ ਇਸ ਜਗ੍ਹਾਂ ਦਾ ਮੌਕਾ ਮੁਆਇਨਾ ਕਰਨ ਉਪਰੰਤ ਇਸ ਕੇਸ ਦੇ ਸਬੰਧ ਵਿੱਚ ਸੂਰੀਆ ਇਨਕਲੇਵ ਵੈਲਫੇਅਰ ਸੋਸਾਇਟੀ (ਰਜਿ.) ਜਲੰਧਰ ਵੱਲੋਂ ਉਠਾਏ ਗਏ ਨੁਕਤਿਆ ਦਾ ਜਵਾਬ ਸਮੇਤ ਰਿਕਾਰਡ ਤਿਆਰ ਕਰਨ ਲਈ ਕਾਰਜ ਸਾਧਕ ਅਫ਼ਸਰ ਨਗਰ ਸੁਧਾਰ ਟਰੱਸਟ ਜਲੰਧਰ ਨੂੰ ਹੁਕਮ ਕੀਤੇ ਗਏ ਸਨ। ਕਾਰਜ ਸਾਧਕ ਅਫ਼ਸਰ ਵੱਲੋਂ ਨੁਕਤਿਆਂ ਦਾ ਜਵਾਬ ਹੇਠ ਲਿਖੇ ਅਨੁਸਾਰ ਦਿੱਤਾ ਹੈ :-

1) ਇੰਮਪਰੂਵਮੈਂਟ ਟਰੱਸਟ, ਜਲੰਧਰ ਨੇ ਸੂਰਿਆ ਇਨਕਲੇਵ ਨਾਮ ਦੀ ਇਕ ਸਕੀਮ ਬਣਾਈ ਹੈ।

2) ਇਸ ਸਕੀਮ ਵਿਚ ਪੈਂਦੇ ਪਲਾਟਾਂ ਦੀ ਅਲਾਟਮੈਂਟ ਸਮੇਂ ਛਪਵਾਏ ਗਏ ਬਰੋਸ਼ਰ ਵਿਚ ਇਸ ਜਗ੍ਹਾ ਨੂੰ ਪਾਰਕ ਦਰਸਾਇਆ ਗਿਆ ਸੀ।

3) ਇਹ ਸਕੀਮ ਟਰੱਸਟ ਵਲੋਂ ਸਾਲ 2001 ਵਿਚ ਬਣਾਈ ਗਈ ਸੀ ਅਤੇ ਇਹ ਸਕੀਮ ਜੀ.ਟੀ.ਰੋਡ ਦੇ ਨਾਲ ਲੱਗਦੀ ਹੋਣ ਕਰਕੇ ਪੰਜਾਬ ਸਰਕਾਰ ਦੀ ਪਾਲਸੀ ਅਨੁਸਾਰ ਦੋਨੋਂ ਪਾਸੇ 100 ਮੀਟਰ ਨਾ-ਉਸਾਰੀ ਜੋਨ ਜੀ.ਟੀ ਰੋਡ ਦੀ ਐਕਸਪੈਨਸ਼ਨ ਲਈ ਛਡਿਆ ਗਿਆ ਸੀ ਪਰ ਸਾਲ 2010 ਵਿਚ ਜਲੰਧਰ ਸ਼ਹਿਰ ਦਾ ਮਾਸਟਰ ਪਲੈਨ ਲਾਗੂ ਕਰਨ ਸਮੇ ਜੀ.ਟੀ ਰੋਡ ਦੀ ਐਕਸਪੈਨਸ਼ਨ ਲਈ ਰੱਖੀ ਗਈ 100 ਮੀਟਰ ਦਾ ਦਾਇਰਾ ਰਾਹੀ ਘਟਾ ਕੇ 5 ਮੀਟਰ ਕਰ ਦਿੱਤਾ ਗਿਆ ਸੀ।ਇਹ 95 ਮੀਟਰ ਫਰੀ ਹੋਈ ਜਗ੍ਹਾਂ ਨੂੰ ਇਸਤੇਮਾਲ ਵਿਚ ਲਿਆਉਣ ਲਈ ਸਰਕਾਰ ਦੀ ਪ੍ਰਵਾਨਗੀ ਨਾਲ ਟਰੱਸਟ ਵਲੋਂ ਇਸ ਜਗ੍ਹਾਂ ਦਾ ਲੈਂਡ ਯੂਜ਼ ਚੇਂਜ ਕਰਵਾਉਣ ਉਪਰੰਤ ਕੰਮਰਸ਼ੀਅਲ ਵਰਤੋ ਵਿਚ ਲਿਆਂਉਣ ਲਈ ਆਪਣੇ ਮਤਾ ਨੰ: 346 ਮਿਤੀ 27.10.2017 ਰਾਹੀ ਇਸ ਜਗ੍ਹਾਂ ਨੂੰ ਪੈਟਰੋਲ ਪੰਪ ਲਈ ਰਾਖਵਾ ਕਰ ਲਿਆ ਗਿਆ ਹੈ ਅਤੇ ਸਰਕਾਰ ਨੇ ਆਪਣੇ ਪੱਤਰ ਨੰ: 3ਡਸਸ-ਟਸਸ-2018/4658 ਮਿਤੀ 25.01.2018 ਰਾਹੀ ਮਤੇ ਦੀ ਪ੍ਰਵਾਨਗੀ ਹੇਠ ਲਿਖੇ ਅਨੁਸਾਰ ਦਿੱਤੀ ਹੈ। "ਨਗਰ ਸੁਧਾਰ ਟਰਸਟ ਜਲੰਧਰ ਦਾ ਮਤਾ ਨੰ: 346 ਮਿਤੀ 27.10.17 ਸਮਰਥ ਅਥਾਰਟੀ ਦੇ ਪੱਧਰ ਤੇ ਵਿਚਾਰਨ ਉਪਰੰਤ ਫੈਸਲਾ ਲਿਆ ਗਿਆ ਹੈ ਕਿ ਇਹ ਮਤਾ ਇਸ ਸ਼ਰਤ ਤੇ ਪ੍ਰਵਾਨ ਕੀਤਾ ਜਾਂਦਾ ਹੈ ਕਿ ਲੇ-ਆਊਟ ਪਲੈਨ ਨੂੰ ਰੂਲਾ/ਹਦਾਇਤਾ ਅਨੁਸਾਰ ਟਰਸਟ ਪੱਧਰ ਤੇ ਅਡਾਪਟ ਕਰਕੇ ਸਕੀਮ ਦੀ ਪੀ.ਟੀ.ਆਈ.ਐਕਟ 1922 ਦੀ ਧਾਰਾ 43 ਅਧੀਨ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।"

ਸਰਕਾਰ ਦੇ ਉਪਰੋਕਤ ਪੱਤਰ ਦੀ ਪਾਲਣਾ ਵਿਚ ਇਸ ਦਫਤਰ ਵਲੋਂ ਇਸ ਰਕਬੇ ਦੀ ਤਿਆਰ ਕੀਤੀ ਗਈ ਡਰਾਇੰਗ ਨੰ: ਜਟ/743/2017 ਮਿਤੀ 13.12.2017 (ਕਾਪੀ ਨੱਥੀ) ਨੂੰ ਟਰੱਸਟ ਮੀਟਿੰਗ ਵਿਚ ਅਡਾਪਟ ਕਰ ਲਿਆ ਗਿਆ ਹੈ ਅਤੇ ਸਰਕਾਰ ਨੇ ਇਸ ਮਤੇ ਸਬੰਧੀ ਆਪਣੇ ਪੱਤਰ ਨੰ: ਸ3-ਡਸਸ-ਟਸਸ-2018/34704 ਮਿਤੀ 03.07.2018 ਰਾਹੀ ਇਸ ਜਗ੍ਹਾਂ ਦੀ ਪੀ.ਟੀ.ਆਈ ਐਕਟ 1922 ਦੀ ਧਾਰਾ 43 ਅਧੀਨ ਸੋਧ ਕਰਵਾਉਣ ਲਈ ਕੇਸ ਤਿਆਰ ਕਰਕੇ ਸਥਾਨਕ ਸਰਕਾਰ ਸ਼ਾਖਾ-2 ਅਤੇ ਡੀ.ਟੀ.ਪੀ ਪਾਸ ਭੇਜਣ ਲਈ ਲਿਖਿਆ ਗਿਆ ਸੀ। ਪਰ ਸੂਰਿਆ ਇਨਕਲੇਵ ਵੈਲਫੇਅਰ ਸੋਸਾਇਟੀ ਵਲੋਂ ਇਸ ਜਗ੍ਹਾਂ ਦਾ ਲੈਂਡ ਯੂਜ਼ ਬਦਲਣ ਤੇ ਇਤਰਾਜ ਕਰਨ ਕਰਕੇ ਇਸ ਕੇਸ ਤੇ ਅਗੇ ਕੋਈ ਕਾਰਵਾਈ ਨਹੀ ਕੀਤੀ ਗਈ।

4) ਸੂਰਿਆ ਇਨਕਲੇਵ ਵੈਲਫੇਅਰ ਸੋਸਾਇਟੀ ਵਲੋਂ ਇਸ ਜਗ੍ਹਾਂ ਦੀ ਬੋਲੀ ਰੋਕਣ ਲਈ ਇਸ ਦਫਤਰ ਵਿਖੇ ਮੈਮੋਰਨਡਮ ਦਿੱਤੇ ਸਨ।ਜਿਸ ਕਰਕੇ ਇਸ ਦਫਤਰ ਵਲੋਂ ਇਸ ਜਗ੍ਹਾ ਦੀ ਬੋਲੀ ਰੋਕ ਦਿਤੀ ਗਈ ਸੀ ।

5) ਇਸ ਨੁਕਤੇ ਬਾਰੇ ਦਸਿਆ ਜਾਂਦਾ ਹੈ ਕਿ ਇੰਡੀਅਨ ਆਇਲ ਬੋਟਲਿੰਗ ਪਲਾਂਟ ਇੰਡੀਅਨ ਆਇਲ ਦੇ ਪੂਰਵ ਵਾਲੇ ਪਾਸੇ ਹੈ ਪਰ ਇਹ ਪਲਾਂਟ ਇਸ ਕਲੋਨੀ ਤੋਂ ਲਗਭਗ ਇਕ ਕਿਲੋ ਮੀਟਰ ਦੂਰੀ ਤੇ ਹੈ। ਇਹ ਠੀਕ ਹੈ ਕਿ ਇਸ ਕਲੋਨੀ ਦੇ ਨਾਲ ਨੈਸ਼ਨਲ ਹਾਈਵੇ ਲੱਗਦਾ ਹੈ ਅਤੇ ਰੇਲਵੇ ਸਟੇਸ਼ਨ ਇਸ ਕਲੋਨੀ ਤੋਂ ਲਗਭਗ 1 ਤੋਂ 1.50 ਕਿਲੋ ਮੀਟਰ ਦੀ ਦੂਰੀ ਤੇ ਹੈ। ਇਸ ਸਕੀਮ ਵਿੱਚ ਟਰਸਟ ਵਲੋਂ 18 ਪਾਰਕ ਵਿਕਸਿਤ ਕੀਤੇ ਹੋਏ ਹਨ। ਜਿਨ੍ਹਾ ਦਾ ਰਕਬਾ ਲੱਗਭਗ 8.50 ਏਕੜ ਹੈ ਜੋ ਕਿ ਪਲੂਸ਼ਨ ਕੰਟਰੋਲ ਲਈ ਕਾਫੀ ਲਾਹੇਬੰਦ ਹਨ।

Scanned by CamScanner

6 ਅਤੇ 7) ਵਿਕਾਸ ਸਕੀਮ 170 ਏਕੜ ਦੇ ਲੇ-ਆਊਟ ਪਲੈਨ ਵਿਚ ਪੁਲਿਸ ਸਟੇਸਨ ਦੀ ਜਗ੍ਹਾਂ ਦੇ ਸਾਹਮਣੇ ਹਾਈ ਟੈਸ਼ਨ ਲਾਈਨ ਲੱਗਦੀ ਹੋਣ ਕਰਕੇ ਇਹਨਾਂ ਲਾਈਨਾਂ ਹੇਠ 130 ਫੁੱਟ×40 ਫੁਟ ਦਾ ਪਾਰਕ ਦਿੱਤਾ ਗਿਆ ਸੀ। ਸਕੀਮ ਬਣਨ ਤੋ ਪਹਿਲਾਂ ਇਹ ਜਗ੍ਹਾਂ ਨਗਰ ਨਿਗਮ ਦੀ ਸੀ ਅਤੇ ਨਗਰ ਨਿਗਮ ਵਲੋ ਇਸ ਜਗ੍ਹਾਂ ਤੇ ਸੀਵਰੇਜ਼ ਦਾ ਪਾਣੀ ਇੱਕਠਾ ਕੀਤਾ ਜਾਂਦਾ ਸੀ ਅਤੇ ਨਗਰ ਨਿਗਮ ਵਲੋ ਇਸ ਜਗ੍ਹਾਂ ਤੇ ਪਾਣੀ ਦੀ ਡਿਸਪੋਜਲ ਲਈ ਪੰਪ ਸੰਪ ਲਗਾਇਆ ਹੋਇਆ ਸੀ ਹੁਣ ਟਰੱਸਟ ਵਲੋ ਇਹ ਸਕੀਮ ਬਣਾਉਣ ਤੋ ਬਾਅਦ ਨਗਰ ਨਿਗਮ ਵਲੋ ਇੱਕਠੇ ਕੀਤੇ ਜਾਂਦੇ ਪਾਣੀ ਨੂੰ ਸੀਵਰੇਜ ਵਿਚ ਪਾ ਕੇ ਮੇਨ ਸੀਵਰ ਲਾਲ ਜੋੜ ਦਿੱਤਾ ਗਿਆ ਸੀ। ਜਿਸ ਕਰਕੇ ਇਸ ਜਗ੍ਹਾਂ ਤੇ ਪੰਪ ਸੰਪ ਦੀ ਜਰੂਰਤ ਨਹੀ ਰਹੀ ਅਤੇ ਟਰੱਸਟ ਨੇ ਪੰਪ ਸੰਪ ਨੂੰ ਖਤਮ ਕਰਕੇ ਇਸ ਜਗ੍ਹਾਂ ਦਾ ਲੈਂਡ ਯੂਜ਼ ਬਦਲ ਕੇ ਫਾਈਰ ਸਟੇਸ਼ਨ ਪੁਲਿਸ ਪੋਸਟ ਇਲੈਕਟ੍ਰਿਕ ਸਬ ਸਟੇਸ਼ਨ ਅਤੇ ਕੁਝ ਪਲਾਟ ਕਾਰਵ ਆਊਟ ਕੀਤੇ ਗਏ ਸਨ। ਇਸ ਜਗ੍ਹਾਂ ਤੇ ਹਾਈਟੈਸ਼ਨ ਲਾਈਨ ਹੋਣ ਕਰਕੇ ਇਥੇ ਗ੍ਰੀਨ ਬੈਲਟ ਬਣਾਈ ਗਈ ਸੀ। ਪਰ ਹੁਣ ਜਦੋ ਕਿ ਇਸ ਜਗ੍ਹਾਂ ਤੇ ਪੁਲਿਸ ਸਟੇਸ਼ਨ ਅਤੇ ਫਾਇਰ ਸਟੇਸ਼ਨ ਕਾਰਵ ਆਊਟ ਕੀਤੇ ਗਏ ਹਨ ਤਾਂ ਗ੍ਰੀਨ ਬੈਲਟ ਵਾਲੀ ਜਗ੍ਹਾਂ ਇਹਨਾਂ: ਦੋਨਾਂ ਸਾਈਟਾਂ ਦੀ ਪਾਰਕਿੰਗ ਲਈ ਵਰਤੀ ਜਾਵੇਗੀ। ਜਿਵੇ ਕਿ ਪਹਿਲਾਂ ਵੀ ਦਸਿਆ ਜਾ ਚੁੱਕਾ ਹੈ ਕਿ ਇਸ ਸਕੀਮ ਵਿਚ ਕੁੱਲ 18 ਪਾਰਕ ਹਨ ਅਤੇ ਇਹਨਾਂ ਦਾ ਰਕਬਾ 8.50 ਏਕੜ ਹੈ। ਜੋ ਕਿ ਇਸ ਸਕੀਮ ਦੇ ਪਲੂਸ਼ਨ ਨੂੰ ਕੰਟਰੋਲ ਕਰੇਗਾ।

8) ਇਸ ਪੈਰੇ ਦਾ ਜਵਾਬ ਪੈਰਾ ਨੰ: 3 ਵਿੱਚ ਪਹਿਲਾ ਹੀ ਦਿਤਾ ਜਾ ਚੁੱਕਾ ਹੈ।

9) ਟਰੱਸਟ ਵਲੋ ਪਲਾਟਾਂ ਦੀ ਰਾਖਵੀ ਕੀਮਤ ਐਕੁਵਾਇਰ ਕੀਤੀ ਜਗ੍ਹਾਂ ਦੀ ਕੁੱਲ ਕੀਮਤ ਦੇ ਅਧਾਰ ਤੇ ਕੈਲੁਕਲੇਟ ਕੀਤੀ ਗਈ ਹੈ।

10) ਇਸ ਪੈਰ੍ਹੇ ਦਾ ਜਵਾਬ ਪਹਿਲਾਂ ਹੀ ਪੈਰ੍ਹਾਂ ਨੰਬਰ 3 ਵਿੱਚ ਦਿੱਤਾ ਜਾ ਚੁੱਕਾ ਹੈ।

ਨਗਰ ਸੁਧਾਰ ਟਰੱਸਟ, ਜਲੰਧਰ ਵਲੋਂ ਸਾਲ 2001 ਵਿੱਚ ਵਿਕਾਸ ਸਕੀਮ 170 ਏਕੜ (ਸੂਰਿਆ ਇਨਕਲੇਵ) ਬਣਾਈ ਗਈ ਸੀ। ਇਹ ਸਕੀਮ ਜੀ.ਟੀ.ਰੋਡ ਦੇ ਨਾਲ ਲੱਗਦੀ ਹੋਣ ਕਰਕੇ ਇਸ ਸਕੀਮ ਦੀ ਪਲੈਨਿੰਗ ਕਰਦੇ ਸਮੇਂ ਨੈਸ਼ਨਲ ਹਾਈਵੇ ਦੇ ਨਾਲ ਲੱਗਦੀ 100 ਮੀਟਰ ਜਗ੍ਹਾ ਜੋ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜੀ.ਟੀ. ਰੋਡ ਦੀ ਐਕਸਟੈਨਸ਼ਨ ਵਾਸਤੇ ਛੱਡੀ ਜਾਣੀ ਸੀ, ਜਿਸਤੇ ਟਰੱਸਟ ਵਲੋ ਕੋਈ ਵੀ ਪਲੈਨਿੰਗ ਨਹੀ ਕੀਤੀ ਗਈ ਸੀ। ਸਾਲ 2010 ਵਿੱਚ ਸਰਕਾਰ ਵਲੋਂ ਜੀ.ਟੀ.ਰੋਡ ਦੇ ਨਾਲ ਲੱਗਦੀ ਜੀ.ਟੀ.ਰੋਡ ਦੀ ਐਕਸਟੈਨਸ਼ਨ ਲਈ ਰੱਖੀ ਗਈ 100 ਮੀਟਰ ਜਗ੍ਹਾ ਦਾ ਦਾਇਰਾ ਘਟਾ ਕੇ 5 ਮੀਟਰ ਕਰ ਦਿੱਤਾ ਗਿਆ ਸੀ। ਜਿਸ ਕਰਕੇ ਟਰੱਸਟ ਵਲੋਂ ਇਸ 95 ਮੀਟਰ ਜਗ੍ਹਾ ਦੀ ਵਰਤੋ ਕਰਨ ਲਈ ਮਤਾ ਸਰਕਾਰ ਨੂੰ ਭੇਜਿਆ ਗਿਆ ਸੀ ਅਤੇ ਸਰਕਾਰ ਵਲੋਂ ਇਸ ਮਤੇ ਦੀ ਪ੍ਰਵਾਨਗੀ ਟਰੱਸਟ ਨੂੰ ਦੇ ਦਿੱਤੀ ਗਈ ਸੀ। ਜਿਸ ਸਬੰਧੀ ਰਿਕਾਰਡ ਨਾਲ ਨੱਥੀ ਕੀਤਾ ਗਿਆ ਹੈ।

ਟਰੱਸਟ ਵਲੋਂ ਇਸ ਸਕੀਮ ਵਿੱਚ 18 ਪਾਰਕ ਛੱਡੇ ਹੋਏ ਹਨ। ਜਿਨ੍ਹਾ ਦਾ ਰਕਬਾ ਲਗਭਗ 8.50 ਏਕੜ ਬਣਦਾ ਹੈ। ਇਸ ਲਈ ਟਰੱਸਟ ਵਲੋਂ ਇਸ ਜਗ੍ਹਾ ਨੂੰ ਵਰਤੋ ਵਿੱਚ ਲਿਆਦਾ ਜਾ ਸਕਦਾ ਹੈ।

ਜੁਆਇੰਟ ਕਮਿਸ਼ਨਰ,
ਨਗਰ ਨਿਗਮ,
ਜਲੰਧਰ।

ਕਾਰਜ ਸਾਧਕ ਅਫ਼ਸਰ,
ਨਗਰ ਸੁਧਾਰ ਟਰੱਸਟ,
ਜਲੰਧਰ।

ਕਾਰਜਕਾਰੀ ਇੰਜੀਨੀਅਰ,
ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ,
ਜਲੰਧਰ।

ਟਰੱਸਟ ਇੰਜੀਨੀਅਰ,
ਨਗਰ ਸੁਧਾਰ ਟਰੱਸਟ,
ਜਲੰਧਰ।

ਚੇਅਰਮੈਨ,
ਮੁੱਖ ਕਾਰਜਕਾਰੀ ਅਫਸਰ,
ਸਮਾਰਟ ਸਿਟੀ, ਜਲੰਧਰ।

Scanned by CamScanner

# Translation of Punjabi Version

**Subject:** **Regarding case of Land situated at G.T. Road, Surya Enclave filed at National Green Tribunal, New Delhi by Surya Enclave welfare Society (Regd.)**

Surya Enclave Welfare Society (Regd.) Jalandhar has filed an application before National Green Tribunal, New Delhi regarding 100 Meter no construction zone falling in Development scheme of 170 Acre set up by Improvement Trust Jalandhar, wherein in compliance of order dated 07/05/2019 passed by Tribunal a meeting of subcommittee constituted by Hon'ble Deputy Commissioner on 24.06.2019. The Committee after inspecting the spot, directed to the Executive Officer, Improvement Trust, Jalandhar to prepare the reply to the issues raised by Surya Enclave Welfare Society (Regd.) Jalandhar. The Executive Officer, Improvement Trust, Jalandhar has submitted his reply to the issues raised which is as under:-

1. Improvement Trust, Jalandhar has developed one scheme bearing the name of Surya Enclave.
2. This area was shown as park in the Brochures published at the time of allotments of the plots falling in this Scheme.
3. That this scheme was developed in the year 2001 by trust and as this scheme adjoins G.T. Road, therefore as per policy of Punjab Govt. an area of 100 meters was left for the expansion of G.T. Road under the no construction zone. However while finalising the Master Plan of Jalandhar city in the year 2010, this area of 100 meters was reduced to 5 meters. In order to use this 95 meters of free land of Improvement Trust had taken approval from the Govt. for the

Scanned by CamScanner

situated 1 KM away from this Colony. It is correct that this Colony is adjoining to National Highway and Railway Station is situated at the distance of 1 to 1.50 kilometer from this Colony. The Trust has developed 18 parks measuring 8.50 acres in this scheme which are beneficial for pollution control.

6 & 7. In the layout plan of this development scheme of 170 acre, due to passing of high tension line in front side of police station, a park of 130ftx40 ft was provided under these lines. Before the development of this scheme, this property was owned by Municipal Corporation wherein drainage water was collected by Municipal Corporation a pump-sump for disposal of sewerage was installed by M.C. Now after development of this scheme the line of this sewerage was connected with main sewerage due to which there remained no necessity of this place for purpose of pump-sump and hence the Trust demolished the pump-sump and changed its land use and carved out some plots, fire station police post, electric sub station. Due to passing of High tension wires over this area was used it as green belt. But now fire station, police post have been carved out. So area of green belt would be used for parking for both these sites.

8. This issue has already been replied as mentioned above in Para No.3.

9. The reserve price of the plots has been calculated by the Trust on the basis of total value of acquired land.

Scanned by CamScanner

10. This issue has already been replied as mentioned above in Para No.3.

This scheme was developed in the year 2001 by Jalandhar Improvement Trust. As this scheme adjoins with the G.T. Road, therefore as per the then policy of Punjab Govt. area of 100 meters had to be left for expansion of G.T. Road and it fell under no construction zone, therefore no planning was done by Trust. In the year 2010 while applying the master plan of Jalandhar City this area of 100 meters kept reserved for expansion of G.T. Road was reduced to 5 meters. As such in order to use this 95 meters of land, resolution was sent to the Govt. which was approved by the Govt. qua which the record is attached herewith.

Total 18 parks have been carved out by Trust in this Scheme and area of these parks is 8.50 acres. Hence, this land can be utilized by the Trust as per the rules.

| Sd/- | Sd/- | Sd/- | Sd/- |
|---|---|---|---|
| Joint Commissioner MC Jalandhar | Executive officer Improvement Trust Jalandhar | Executive Engineer Punjab Pollution Control Board, Jalandhar. | Trust Engineer Improvement Trust Jalandhar |

Translated Copy

CEO
Jalandhar Smart City Ltd
Jalandhar

Sd/-
Chairman,
Chief Executive Officer
Smart City, Jalandhar.

Scanned by CamScanner